ਮਈ, 1984 ਮੁੱਲ 75 ਪੈਸੇ

# ਜਾਗ੍ਰਤੀ



# ਹਰੀਜਨ

ਅਮਰਜੀਤ ਸਿੰਘ ਬਲਗੀਰ

"ਵੇ ਕਿਉਂ ਸਿੱਧਾ ਅੰਦਰ ਵੜੀ ਜਾਂਦਾ ਏਂ ?" ਦਾਦੀ ਮਾਂ ਕੜਕਦੀ ਆਵਾਜ਼ ਨਾਲ ਬੋਲੀ। "ਚਲ ਪਹਿਲਾਂ ਬੂਹੇ ਤੋਂ ਬਾਹਰ ਨਿਕਲ" ਉਹ ਮੇਰੀ ਕਮਜ਼ੋਰ ਬਾਂਹ ਨੂੰ ਫੜਕੇ ਦਰਵਾਜ਼ੇ ਵਲ ਘਸੀਟ ਕੇ ਲਿਜਾਂਦੀ ਬੋਲੀ।

"ਪਤਾ ਨਹੀਂ ਕਿਨ੍ਹਾਂ ਕਿਨ੍ਹਾਂ ਛੋਕਰਿਆਂ ਨਾਲ ਖੇਡ ਕੇ ਆਇਆ ਹੋਵੇਂਗਾ। ਪੁੱਤਰ ਹੁਣ ਕੁਝ ਤੂੰ ਵੀ ਸੁੱਚ ਰੱਖਣੀ ਸਿੱਖ ਲੈਅ। ਹੁਣ ਤੂੰ ਵੱਡਾ ਹੋ ਗਿਆ ਏਂ।" ਦਾਦੀ ਮਾਂ ਮੇਰੇ ਉਤੇ ਗੰਗਾ ਜਲ ਛਿੜਕਦੀ ਬੋਲੀ।

ਜਦੋਂ ਵੀ ਮੈਂ ਸਕੂਲ ਤੋਂ ਪੜ੍ਹਕੇ ਘਰ ਵਾਪਸ ਆਉਂਦਾ, ਦਾਦੀ ਮਾਂ ਗੰਗਾ ਜਲ ਛਿੜਕੇ ਬਗੈਰ ਘਰ 'ਚ ਪੈਰ ਨਾ ਪਾਉਣ ਦਿੰਦੀ। ਸਕੂਲ ਲਾਗਲੇ ਪਿੰਡ ਵਿੱਚ 4–5 ਮੀਲ ਦੀ ਦੂਰੀ ਤੇ ਸੀ। ਘਰ ਆਉਂਦੇ ਆਉਂਦੇ ਬੁਰੀ ਤਰ੍ਹਾਂ ਭੁੱਖ ਲੱਗੀ ਹੁੰਦੀ। ਜੇ ਕਦੇ ਘਰ ਆਏ ਤੇ ਦਰਵਾਜ਼ਾ ਅੰਦਰੋਂ ਚਿਟਕਣੀ ਨਾਲ ਬੰਦ ਹੋਇਆ ਮਿਲਦਾ ਤਾਂ ਚਿਹਰਾ ਗੁੱਸੇ ਨਾਲ ਲਾਲ ਪੀਲਾ ਹੋ ਜਾਂਦਾ। ਉਨਾਂ ਚਿਰ ਮੁੱਕੀਆਂ ਮਾਰਦਾ ਨਾ ਹਟਦਾ ਜਿੰਨਾਂ ਚਿਰ ਘਰ ਦਾ ਕੋਈ ਜੀਅ ਉੱਠ ਕੇ ਖੋਲ੍ਹ ਨਾ ਦਿੰਦਾ। ਬੱਸ ਫਿਰ ਭੁੱਖੇ ਸ਼ੇਰ ਵਾਂਗ ਜਿਹੋ ਜਿਹਾ ਖਾਣਾ ਮਿਲਦਾ, ਪੂਰਾ ਖਾ ਪੀ ਕੇ ਸਾਹ ਲੈਂਦਾ।

ਮੈਂ ਉਨ੍ਹਾਂ ਦਿਨਾਂ ਵਿੱਚ ਪੰਜਵੀਂ ਜਮਾਤ ਵਿੱਚ ਪੜ੍ਹਦਾ ਸਾਂ। ਆਪਣੇ ਪਿੰਡ ਦਾ ਸਕੂਲ ਸਿਰਫ ਚਾਰ ਜਮਾਤਾਂ ਤੱਕ ਸੀ। ਜਿਨ੍ਹਾਂ ਲੜਕਿਆਂ ਨੇ ਹਾਈ ਸਕੂਲ ਵਿੱਚ ਦਾਖਲਾ ਲੈਣਾ ਹੁੰਦਾ ਉਹ ਲਾਗੇ ਦੇ ਪਿੰਡਾਂ ਦੇ ਸਕੂਲਾਂ ਵਿੱਚ ਚਲੇ ਜਾਂਦੇ। ਸਾਡੇ ਪਿੰਡ ਦਾ ਇਕ ਚਪੜਾਸੀ ਸੀ। ਉਹ ਆਪਣੇ ਸਕੂਲ ਦੀਆਂ ਸਿਫਤਾਂ ਕਰਦਾ ਨਾ ਥੱਕਦਾ। ਉਸਦਾ ਸਕੂਲ ਤਾਂ ਕਾਫੀ ਦੂਰ ਹੁੰਦਾ ਪਰ ਫਿਰ ਵੀ ਹਰ ਸਾਲ 5–6 ਲੜਕੇ ਉਸਦੀਆਂ ਗੱਲਾਂ ਵਿੱਚ ਆਕੇ ਦਾਖਲਾ ਲੈ ਹੀ ਲੈਂਦੇ। ਇਸੇ ਬਹਾਨੇ ਲੜਕਿਆਂ ਨਾਲ ਉਸਨੂੰ ਆਉਣ ਜਾਣ ਦਾ ਸਾਥ ਮਿਲ ਜਾਂਦਾ। ਇਕ ਹੋਰ ਹਾਈ ਸਕੂਲ ਸੀ ਜੋ ਸਾਡੇ ਪਿੰਡ ਤੋਂ 6–7 ਮੀਲ ਦੀ ਦੂਰੀ ਤੇ ਸੀ। ਉੱਥੇ ਸਾਡੇ ਪਿੰਡ ਦਾ ਹੈੱਡਮਾਸਟਰ ਸੀ। ਕੁਝ ਲੜਕੇ ਫੀਸਾਂ ਮੁਆਫ ਕਰਵਾਉਣ ਲਈ ਉਥੇ ਵੀ ਦਾਖਲਾ ਲੈ ਲੈਂਦੇ। ਪਰ ਕੋਈ ਵੀ ਸਕੂਲ 4–5 ਮੀਲ ਤੋਂ ਨੇੜੇ ਨਹੀਂ ਸੀ ਪੈਂਦਾ।

ਇਸ ਸਾਲ ਸਾਡੇ ਪਿੰਡ ਦਾ ਸਕੂਲ ਚੌਥੀ ਜਮਾਤ ਤੋਂ ਵਧਾ ਕੇ ਪੰਜਵੀਂ ਤੱਕ ਕਰ ਦਿੱਤਾ ਗਿਆ। ਲਾਗੇ ਸਕੂਲਾਂ ਵਿੱਚ ਅੰਗਰੇਜ਼ੀ ਪੜ੍ਹਾਉਣੀ ਪੰਜਵੀਂ ਜਮਾਤ ਤੋਂ ਸ਼ੁਰੂ ਹੁੰਦੀ ਪਰ ਸਾਡੇ ਪਿੰਡ ਦੇ ਸਕੂਲ ਵਿੱਚ ਅੰਗਰੇਜ਼ੀ ਪੜ੍ਹਾਉਣੀ ਸ਼ੁਰੂ ਨਹੀਂ ਹੋਈ ਸੀ। ਸਰਕਾਰੀ ਸਕੂਲ ਹੋਣ ਕਰਕੇ ਪਿੰਡ ਦੇ ਸਕੂਲ ਦੀ ਫ਼ੀਸ ਵੀ ਬਹੁਤ ਘੱਟ ਸੀ। ਸੋ ਮੇਰੇ ਕਈ ਹਮਜਮਾਤੀ ਚੌਥੀ ਜਮਾਤ ਪਾਸ ਕਰਕੇ ਪੰਜਵੀਂ ਪਿੰਡ ਦੇ ਸਕੂਲ ਵਿੱਚ ਹੀ ਕਰਨ ਲੱਗ ਪਏ ਪਰ ਮੇਰੇ ਘਰਦਿਆਂ ਨੇ ਅੰਗਰੇਜ਼ੀ ਦੀ ਪੜ੍ਹਾਈ ਨੂੰ ਸਾਹਮਣੇ ਰਖਦੇ ਹੋਏ ਮੇਰਾ ਦਾਖਲਾ ਲਾਗੇ ਪਿੰਡ ਦੇ ਸਕੂਲ ਵਿੱਚ ਕਰਵਾ ਦਿੱਤਾ। ਪਿੰਡ ਦੇ ਸਕੂਲ ਦੇ ਹੈੱਡਮਾਸਟਰ ਨੂੰ ਮੇਰਾ ਪਿੰਡ ਦਾ ਸਕੂਲ ਛੱਡ ਕੇ ਜਾਣਾ ਪਸੰਦ ਨਹੀਂ ਸੀ ਕਿਉਂਕਿ ਮੇਰੇ ਚੌਥੀ ਜਮਾਤ ਵਿੱਚ ਸਭ ਤੋਂ ਜਿਆਦਾ ਨੰਬਰ ਆਏ ਸਨ। ਹਾਲਾਂ ਕਿ ਉਹ ਉਸੇ ਪਿੰਡ ਦਾ ਰਹਿਣ ਵਾਲਾ ਸੀ ਜਿੱਥੇ ਮੈਂ ਪੰਜਵੀਂ ਜਮਾਤ ਵਿੱਚ ਦਾਖਲਾ ਲਿਆ ਸੀ ਪਰ ਕਈ ਸਾਲ ਗੁਜ਼ਾਰਨ ਕਰਕੇ ਉਸਦੀ ਸਾਡੇ ਪਿੰਡ ਦੇ ਸਕੂਲ ਨਾਲ ਵਫਾਦਾਰੀ ਜ਼ਾਇਦਾ ਵੱਧ ਗਈ ਸੀ। ਮੇਰਾ ਦਾਖਲਾ ਲੈਣ ਦਾ ਦੂਸਰਾ ਕਾਰਣ ਇਹ ਸੀ ਕਿ ਮੇਰੇ ਵੱਡੇ ਭਰਾ ਉਸੇ ਹਾਈ ਸਕੂਲ ਵਿਚ ਪੜ੍ਹੇ ਸਨ।

ਦਿਲਬਾਗ ਸਿੰਘ ਅਤੇ ਬਚਿੰਤ ਸਿੰਘ ਦੋ ਹਰੀਜਨਾਂ ਦੇ ਮੁੰਡੇ ਸਨ। ਦਿਲਬਾਗ ਮੇਰਾ ਹਮਜਮਾਤੀ ਸੀ ਪਰ ਬਚਿੰਤ ਸਿੰਘ ਤੀਸਰੀ ਜਮਾਤ ਵਿੱਚ ਫੇਲ੍ਹ ਹੋ ਗਿਆ ਸੀ ਅਤੇ ਬਾਅਦ ਵਿੱਚ ਮੇਰਾ ਹਮਜਮਾਤੀ ਬਣ ਗਿਆ ਸੀ। ਦੋਹਾਂ ਦੇ ਘਰ ਵਾਲੇ ਅਮੀਰ ਨਹੀਂ ਸਨ। ਜਦੋਂ ਮੈਂ ਲਾਗੇ ਪਿੰਡ ਦੇ ਸਕੂਲ ਵਿੱਚ ਦਾਖਲਾ ਲੈ ਲਿਆ ਤਾਂ ਦਿਲਬਾਗ ਅਤੇ ਬਚਿੰਤ ਸਿੰਘ ਘਰ ਦੀ ਮਾਇਕ ਹਾਲਤ ਨੂੰ ਦੇਖਦੇ ਹੋਏ ਪਿੰਡ ਦੇ ਸਕੂਲ ਵਿੱਚ ਹੀ ਪੜ੍ਹਦੇ ਰਹੇ। ਜਦੋਂ ਉਨ੍ਹਾਂ ਪੰਜਵੀਂ ਜਮਾਤ ਪਾਸ ਕਰ ਲਈ ਤਾਂ ਬਚਿੰਤ ਸਿੰਘ ਨੇ ਸਾਡੇ ਸਕੂਲ ਵਿੱਚ ਦਾਖਲਾ ਲੈ ਲਿਆ ਪਰ ਦਿਲਬਾਗ ਸਿੰਘ ਪਿੰਡ ਦੇ ਚਪੜਾਸੀ ਵਾਲੇ ਸਕੂਲ ਜਾਣ ਲੱਗ ਪਿਆ। ਪਿੰਡ ਦੇ ਸਾਰੇ ਮੁੰਡੇ ਦਿਲਬਾਗ ਨੂੰ ਬਾਗ ਜਾਂ ਬਾਗਾ ਅਤੇ ਬਚਿੰਤ ਸਿੰਘ ਨੂੰ ਬਚਿੰਤਾ ਕਹਿ ਕੇ ਬੁਲਾਂਦੇ। ਹੌਲੀ ਹੌਲੀ ਮੇਰੀ ਉਨ੍ਹਾਂ ਨਾਲ ਕਾਫੀ ਦੋਸਤੀ ਹੋ ਗਈ।

ਇਕ ਦਿਨ ਮੇਰੀ ਬੀਬੀ (ਮਾਂ) ਨੇ ਮੈਨੂੰ ਕਿਤੇ ਬਾਗੇ ਅਤੇ ਬਚਿੰਤੇ ਨਾਲ ਖੇਡਦੇ ਦੇਖ ਲਿਆ। ਉਸ ਦਾ ਪਾਰਾ ਚੜ੍ਹ ਗਿਆ। ਉਸ ਨੂੰ ਸਾਡਾ ਹਰੀਜਨਾਂ ਦੇ ਮੁੰਡਿਆਂ ਨਾਲ ਖੇਡਣਾ ਬਿਲਕੁਲ ਪਸੰਦ ਨਹੀਂ ਸੀ। ਸ਼ਾਮ ਨੂੰ ਮੇਰੇ ਕੰਨ ਨੂੰ ਮਰੋੜਦੀ ਬੋਲੀ, 'ਤੈਨੂੰ ਕਿੰਨੀ ਵਾਰ ਸਮਝਾਇਆ ਕਿ ਹਰੀਜਨਾਂ ਦੇ ਛੋਕਰਿਆਂ ਨਾਲ ਨਾ ਖੇਡਿਆ ਕਰ। ਉਨ੍ਹਾਂ ਦੇ ਬਜ਼ੁਰਗ ਤਾਂ ਸਾਡੇ ਬਜ਼ੁਰਗਾਂ ਦੇ ਕਾਮੇ ਹੁੰਦੇ ਸਨ ਅਤੇ ਉਨ੍ਹਾਂ ਦੀਆਂ ਜੁਤੀਆਂ ਗੰਢ ਕੇ ਦਿਆ ਕਰਦੇ ਸਨ। ਉਹ ਤਾਂ ਮੱਝਾਂ ਝੋਟਿਆਂ ਦਾ ਮਾਸ ਵੀ ਖਾ ਜਾਂਦੇ ਹਨ। ਜੇ ਕਿਤੇ ਤੂੰ ਉਨ੍ਹਾਂ ਦੇ ਘਰ ਚਲਾ ਗਿਆ ਤਾਂ ਤੈਨੂੰ ਵੀ ਖੁਆ ਦੇਣਗੇ। ਹੋਰ ਜਹਾਨ ਵਿੱਚ ਥੋਹੜੇ ਮੁੰਡੇ ਹਨ ਖੇਲਣ ਨੂੰ। ਸਿਰਫ ਤੂੰ ਉਨ੍ਹਾਂ ਨਾਲ ਹੀ ਖੇਡਣਾ ਹੁੰਦਾ ਏ ? ਖਬਰਦਾਰ, ਮੈਂ ਤੈਨੂੰ ਅੱਗੋਂ ਘਰ ਨਹੀਂ ਵੜਨ ਦੇਣਾ। ਜੇ ਫਿਰ ਉਨ੍ਹਾਂ ਨਾਲ ਖੇਡਦੇ ਵੇਖਿਆ। ਪਾਗਲਾ ਤੈਂ ਸਾਡਾ ਧਰਮ ਕਿਉਂ ਭਰਿਸ਼ਟ ਕਰਨਾ ਲਿਆ ਹੈ ? ਉਹ ਗੁੱਸੇ ਵਿੱਚ ਕਈ ਦੇਰ ਮੈਨੂੰ ਝਾੜ ਪਾਉਂਦੀ ਰਹੀ।

ਬਚਪਨ ਵਿੱਚ ਕਈ ਵਾਰ ਮਾਂ-ਬਾਪ ਜਿਨ੍ਹਾਂ ਗੱਲਾਂ ਤੋਂ ਵਰਜਣ, ਬੱਚੇ ਉਹੀ ਕੰਮ ਕਰਕੇ ਮਜ਼ਾ ਲੈਣ ਲੱਗ ਪੈਂਦੇ ਹਨ। ਮੈਂ ਅਗਲੇ ਦਿਨ ਫਿਰ ਦਿਲਬਾਗ ਅਤੇ ਬਚਿੰਤ ਸਿੰਘ ਦੇ ਘਰ ਚਲਾ ਜਾਂਦਾ। ਉਨ੍ਹਾਂ ਦੋਹਾਂ ਦੇ ਘਰ ਵਾਲੇ ਮੈਨੂੰ ਬੜਾ ਪਿਆਰ ਕਰਦੇ। ਕਈ ਵਾਰ ਤਾਂ ਪਿੰਡ ਦੇ ਸਰਪੰਚ ਤੋਂ ਵੀ ਵਧ ਕੇ ਆਦਰ ਮਾਣ ਦਿੰਦੇ। ਮੈਨੂੰ ਉਨ੍ਹਾਂ ਦੇ ਘਰ ਬੈਠੇ ਨੂੰ ਦੇਖ ਕੇ ਆਂਢ ਗੁਆਂਢ ਦੇ ਮੁੰਡੇ ਵੀ ਮਿਲਣ ਆ ਜਾਂਦੇ। ਜਦੋਂ ਕਦੇ ਮੈਨੂੰ ਦੂਰ ਤੋਂ ਆਉਂਦਾ ਦੇਖਦੇ ਤਾਂ ਝੱਟ ਦਿਲਬਾਗ ਅਤੇ ਬਚਿੰਤ ਸਿੰਘ ਦੇ ਘਰੀਂ ਖਬਰ ਕਰ ਦਿੰਦੇ। ਕਈ ਵਾਰ ਤਾਂ ਮੈਂ ਗੱਲਾਂ ਕਰਦਾ ਕਰਦਾ ਉਨ੍ਹਾਂ ਦੇ ਘਰ ਹੀ ਸੌਂ ਜਾਂਦਾ ਅਤੇ ਰਾਤ ਨੂੰ ਦੇਰ ਨਾਲ ਘਰ ਪਹੁੰਚਦਾ।

ਇਕ ਦਿਨ ਸ਼ਾਮ ਨੂੰ ਬਚਿੰਤ ਸਿੰਘ ਦੀ ਮਾਂ ਨੇ ਖੀਰ ਬਣਾਈ ਅਤੇ

ਝਿਜਕਦੇ ਝਿਜਕਦੇ ਸਭ ਤੋਂ ਪਹਿਲਾਂ ਮੈਨੂੰ ਖਾਣ ਨੂੰ ਦਿੱਤੀ। ਮੈਨੂੰ ਬੜੀ ਸੁਆਦ ਲੱਗੀ ਅਤੇ ਮੈਂ ਪੇਟ ਭਰ ਕੇ ਖਾਧੀ। ਢਿੱਡ ਭਰ ਜਾਣ ਨਾਲ ਮੈਂ ਘਰ ਆ ਕੇ ਰਾਤ ਦਾ ਖਾਣਾ ਘੱਟ ਖਾ ਸਕਿਆ। ਮੇਰੀ ਬੀਬੀ ਨੇ ਜਦ ਮੇਰਾ ਅੱਧਾ ਖਾਣਾ ਵਿੱਚ ਛੱਡਿਆ ਵੇਖਿਆ ਤਾਂ ਮੈਨੂੰ ਅਚੰਭੇ ਨਾਲ ਪੁੱਛਿਆ, "ਤੈਂ ਕਿਤੇ ਹੋਰ ਥਾਂ ਤਾਂ ਖਾਣਾ ਨਹੀਂ ਖਾਧਾ? ਮੈਨੂੰ ਇੰਜ ਲਗਦਾ ਕਿ ਤੈਨੂੰ ਗਰਮੀ ਹੋ ਗਈ ਹੈ।"

"ਹਾਂ, ਅੱਜ ਮੈਂ ਬਚਿੰਤੇ ਦੇ ਘਰ ਖੀਰ ਖਾਧੀ ਸੀ। ਬੜੀ ਸੁਆਦੀ ਸੀ," ਮੇਰੇ ਮੂੰਹੋਂ ਸਹਿਜ ਸੁਭਾਅ ਨਿਕਲ ਗਿਆ। ਬੱਸ ਸੁਣਨ ਦੀ ਦੇਰ ਸੀ ਕਿ ਉਸਦੇ ਹੱਥੋਂ ਆਪਣੀ ਖਾਣੇ ਦੀ ਥਾਲੀ ਡਿਗ ਪਈ। ਉਸ ਨੇ ਬੜੇ ਜ਼ੋਰ ਨਾਲ ਮੇਰੇ ਮੂੰਹ ਤੇ ਥੱਪੜ ਮਾਰਿਆ ਅਤੇ ਕਿੰਨੀ ਦੇਰ ਬੁਰਾ ਭਲਾ ਕਹਿੰਦੀ ਰਹੀ। ਦੋ ਤਿੰਨ ਦਿਨ ਤਕ ਉਸ ਨੇ ਨਾ ਕੁਝ ਖਾਧਾ ਨਾ ਪੀਤਾ। ਮੈਂ ਵੀ ਜ਼ਿਦ ਵਿੱਚ ਆ ਕੇ ਖਾਣਾ ਪੀਣਾ ਬੰਦ ਕਰ ਦਿੱਤਾ। ਤੀਸਰੀ ਰਾਤ ਚੋਰੀ ਚੋਰੀ ਦਾਦੀ ਮਾਂ ਮੈਨੂੰ ਖਾਣਾ ਖੁਆਉਣ ਆਈ ਪਰ ਮੈਂ ਜ਼ੋਰ ਨਾਲ ਖਾਣਾ ਵਗਾਹ ਕੇ ਦੂਰ ਸੁਟ ਦਿੱਤਾ। ਉਹ ਗੁੱਸੇ ਨਾਲ ਬੋਲੀ, "ਸੜਿਆ ਜਿਹਾ, ਜਿਸ ਖਾਣੇ ਦੀ ਤੂੰ ਇੰਨੀ ਬੇਕਦਰੀ ਕਰਦਾ ਪਿਆ ਏਂ ਇਸਨੂੰ ਪਾਉਣ ਲਈ ਦੁਨੀਆਂ ਪਤਾ ਨਹੀਂ ਕਿੱਥੇ ਕਿੱਥੇ ਧੱਕੇ ਖਾਂਦੀ ਫਿਰਦੀ ਏ?" ਪਰ ਮੈਂ ਉਸਦੀ ਇਕ ਨਾ ਸੁਣੀ ਅਤੇ ਉਸ ਰਾਤ ਵੀ ਭੁੱਖਾ ਹੀ ਸੌਂ ਗਿਆ। ਦਾਦੀ ਮਾਂ ਨੇ ਸੋਚਿਆ ਕਿ ਅਗੋਂ ਲਈ ਮੇਰਾ ਇਹੀ ਇਲਾਜ ਹੈ ਕਿ ਜਦੋਂ ਮੈਂ ਘਰ ਵੜਾਂ ਤਾਂ ਮੇਰੇ ਤੇ ਗੰਗਾ ਜਲ ਛਿੜਕਿਆ ਜਾਏ। ਕਈ ਸਾਲ ਪਹਿਲਾਂ ਉਹ ਹਰਦੁਆਰ ਤੋਂ ਬੋਤਲ ਵਿੱਚ ਗੰਗਾ ਜਲ ਭਰ ਕੇ ਲਿਆਈ ਸੀ। ਉਹ ਹੁਣ ਨਿਤ ਨੇਮ ਮੇਰੇ ਉਤੇ ਛਿੜਕਣ ਲਈ ਵਰਤਿਆ ਜਾਣ ਲੱਗਾ।

ਮੇਰੇ ਭੈਣ ਭਰਾ ਮੈਨੂੰ ਬਾਗੇ ਅਤੇ ਬਚਿੰਤੇ ਨਾਲ ਖੇਡਣ ਤੋਂ ਖਿਝਦੇ। ਸਾਡੇ ਘਰ ਦੇ ਵਿਹੜੇ ਵਾਲੇ ਵੀ ਮੇਰਾ ਉਨ੍ਹਾਂ ਨਾਲ ਮਿਲਣਾ ਜੁਲਣਾ ਪਸੰਦ ਨਾ ਕਰਦੇ ਅਤੇ ਕਈ ਵਾਰ ਹਰੀਜਨਾਂ ਦੇ ਮੁੰਡਿਆਂ ਨਾਲ ਮਿਲਣ ਵਰਤਣ ਤੋਂ ਵਰਜਦੇ। ਜਦੋਂ ਕਦੇ ਮੈਂ ਉਨ੍ਹਾਂ ਦੇ ਘਰ ਵਲ ਚਲਣ ਲਗਦਾ ਤਾਂ ਕੋਈ ਨਾ ਕੋਈ ਉਚੀ ਦੇਣੀ ਦਾਦੀ ਮਾਂ ਨੂੰ ਆਵਾਜ਼ ਦਿੰਦਾ, "ਫੜਿਉ, ਇਸਨੂੰ ਇਹ ਫਿਰ ਚਲਿਆ ਬਚਿੰਤੇ ਦੇ ਘਰ!"

ਹਰ ਸਾਲ ਮੈਂ ਜਿਆਦਾ ਨੰਬਰਾਂ ਕਰਕੇ ਆਪਣੀ ਜਮਾਤ ਦਾ ਮੌਨੀਟਰ ਬਣ ਜਾਂਦਾ। ਕਈ ਅਧਿਆਪਕ ਹਰੀਜਨਾਂ ਦੇ ਮੁੰਡਿਆਂ ਨਾਲ ਬੇਹੱਦ ਘਿਰਣਾ ਕਰਦੇ ਅਤੇ ਇਕ ਅਧਿਆਪਕ ਤਾਂ ਜਮਾਤ ਵਿੱਚ ਵੜਨ ਤੋਂ ਪਹਿਲਾਂ ਹੀ ਕੜਕ ਕੇ ਬੋਲਦਾ, ਜਿਤਨੇ ਹਰੀਜਨਾਂ ਦੇ ਮੁੰਡੇ ਹਨ ਉਹ ਸਾਰੇ ਪਿਛਲੇ ਬੈਂਚ ਤੇ ਖੜ੍ਹੇ ਹੋ ਜਾਣ। ਇਹ ਸਾਰੇ ਦੇ ਸਾਰੇ ਇੱਥੇ ਪੜ੍ਹਨ ਘੱਟ ਆਉਂਦੇ ਹਨ, ਵਜ਼ੀਫੇ ਜਾਇਦਾ ਲੈਣ ਆਉਂਦੇ ਹਨ।" ਇਹ ਸੁਣ ਕੇ ਹਰੀਜਨਾਂ ਦੇ ਲੜਕੇ ਸਹਿਮਦੇ ਸਹਿਮਦੇ ਪਿਛਲੀ ਦੀਵਾਰ ਨਾਲ ਲੱਗ ਕੇ ਸਾਰਾ ਸਮਾਂ ਖੜੇ ਰਹਿੰਦੇ। ਫਿਰ ਉਹ ਉਨ੍ਹਾਂ ਕੋਲੋਂ ਸੁਆਲ ਪੁੱਛਦਾ। ਜੇ ਕਿਸੇ ਨੂੰ ਨਾ ਆਉਂਦਾ ਤਾਂ ਉਸਦੀ ਬੜੀ ਮਾਰ ਕੁਟਾਈ ਹੁੰਦੀ। ਉਸ ਦੇ ਡਰ ਮਾਰੇ ਹਰੀਜਨਾਂ ਦੇ ਕਈ ਲੜਕੇ ਸਕੂਲ ਜਾਣਾ ਹੀ ਬੰਦ ਕਰ ਦਿੰਦੇ।

ਜਦੋਂ ਮੇਰਾ ਪਿਤਾ ਸਾਲਾਨਾ ਛੁੱਟੀ ਆਉਂਦਾ ਤਾਂ ਮੇਰੀ ਬੀਬੀ ਕਦੇ ਕਦੇ ਮੇਰੇ ਬਾਰੇ ਸ਼ਕਾਇਤ ਕਰਦੀ। ਮੇਰਾ ਪਿਤਾ ਕਈ ਵਾਰ ਮੈਨੂੰ ਹਰੀਜਨਾਂ ਦੇ ਲੜਕਿਆਂ ਨਾਲ ਖੇਡਣ ਤੋਂ ਵਰਜਦਾ ਪਰ ਮੇਰੇ ਉਤੇ ਕੋਈ ਅਸਰ ਨਾ ਪੈਂਦਾ। ਇਕ ਵਾਰ ਉਹ ਬਾਗੇ ਅਤੇ ਬਚਿੰਤੇ ਦੇ ਘਰ ਜਾ ਕੇ ਉਨ੍ਹਾਂ ਦੇ ਮਾਂ ਬਾਪ ਨੂੰ ਡਰਾ ਧਮਕਾ ਕੇ ਆਇਆ ਕਿ ਉਨ੍ਹਾਂ ਦੇ ਮੁੰਡੇ ਮੇਰੇ ਮੁੰਡੇ ਨੂੰ ਖਰਾਬ ਕਰਨ ਤੇ ਤੁਲੇ ਹੋਏ ਹਨ। ਬਾਗੇ ਅਤੇ ਬਚਿੰਤੇ ਦੇ ਮਾਂ ਬਾਪ ਨੇ ਦੁੱਖੀ ਹੋ ਕੇ ਉਨ੍ਹਾਂ ਨੂੰ ਮੇਰੇ ਨਾਲ 4-5 ਦਿਨਾਂ ਲਈ ਮਿਲਣਾ ਬੰਦ ਕਰ ਦਿੱਤਾ ਪਰ ਇਕ ਦਿਨ ਬਚਿੰਤਾ ਸਾਡੇ ਘਰ ਮੈਨੂੰ ਮਿਲਣ ਲਈ ਆ ਟਪਕਿਆ ਅਤੇ ਹੌਕਾ ਜਿਹਾ ਲੈਂਦੇ ਬੋਲਿਆ, "ਜੀਤ, ਤੂੰ ਮੇਰੇ ਨਾਲ ਕਿਉਂ ਗੁੱਸੇ ਏਂ? ਦੇਖ, ਮੈਂ ਤੇਰੇ ਨਾਲ ਖੇਡਣ ਆਇਆ ਹਾਂ।" ਅਸੀਂ ਫਿਰ ਅੱਛੇ ਦੋਸਤਾਂ ਵਾਂਗ ਬਾਹਰ ਖੇਡਣ ਚਲੇ ਗਏ।

ਘਰ ਵਿੱਚ ਹੁਣ ਮੇਰਾ ਨਾ "ਹਰੀਜਨ ਪਾਰਟੀ" ਰੱਖ ਦਿੱਤਾ। ਮੈਂ ਵੀ ਢੀਠ ਬਣ ਕੇ ਘਰ ਵਾਲਿਆਂ ਦੀਆਂ ਗੱਲਾਂ ਦਾ ਗੁੱਸਾ ਕਰਨਾ ਬੰਦ ਕਰ ਦਿਤਾ। ਉਹ ਬਾਗੇ ਬਚਿੰਤੇ ਬਾਰੇ ਕਈ ਤਰ੍ਹਾਂ ਦੇ ਤਾਹਨੇ ਮਾਰਦੇ ਪਰ ਮੈਂ ਤੋਹਮਤਾਂ ਸੁਣੀਆਂ ਅਣਸੁਣੀਆਂ ਕਰ ਛੱਡਦਾ।

ਮੇਰੀ ਅੜੀ ਨੂੰ ਲਗਾਤਾਰ ਦੇਖਦੇ ਦੇਖਦੇ ਮੇਰੀ ਬੀਬੀ ਦਾ ਰਵੱਈਆ ਬਦਲਣਾ ਸ਼ੁਰੂ ਹੋ ਗਿਆ। ਹੁਣ ਉਹ ਕਦੇ ਕਦੇ ਬਚਿੰਤ ਸਿੰਘ ਤੋਂ ਪਸ਼ੂਆਂ ਲਈ ਚਾਰਾ ਕੁਤਰਾ ਲੈਂਦੀ। ਕਈ ਵਾਰ ਘਰ ਦੇ ਛੋਟੇ ਮੋਟੇ ਕੰਮ ਕਰਵਾਉਣ ਤੋਂ ਵੀ ਸੰਕੋਚ ਨਾ ਕਰਦੀ। ਇਕ ਵਾਰ ਬਚਿੰਤ ਸਿੰਘ ਦੀ ਮਾਂ ਨੂੰ ਰਸਤੇ ਵਿੱਚ ਖੜੀ ਕਰਕੇ ਬੋਲੀ, "ਸਾਡਾ ਜੀਤ ਅਤੇ ਬਚਿੰਤਾ ਬੜੇ ਸਹੇਲੇ ਬਣ ਗਏ ਹਨ।" ਬਚਿੰਤ ਸਿੰਘ ਦੀ ਮਾਂ ਸਾਡੀ ਦੋਸਤੀ ਤੋਂ ਬੇਹੱਦ ਖੁਸ਼ ਸੀ। ਦੋਸਤੀ ਤੋਂ ਇਲਾਵਾ ਮੈਂ ਬਾਗੇ ਅਤੇ ਬਚਿੰਤੇ ਦੀ ਪੜ੍ਹਾਈ ਵਿੱਚ ਖੂਬ ਮਦਦ ਕਰਦਾ ਰਹਿੰਦਾ ਸਾਂ ਕਿਉਂਕਿ ਉਹ ਦੋਵੇਂ ਪੜ੍ਹਾਈ ਵਿੱਚ ਕਮਜ਼ੋਰ ਸਨ।

ਇੰਜ ਅਸਾਂ ਦਸਵੀਂ ਜਮਾਤ ਤੱਕ ਪਹੁੰਚ ਗਏ। ਦਸਵੀਂ ਪਾਸ ਕਰਨ ਤੋਂ ਬਾਅਦ ਮੈਂ ਕਾਲਜ ਦੀ ਪੜ੍ਹਾਈ ਕਰਨ ਜਲੰਧਰ ਚਲਾ ਗਿਆ। ਬਾਗਾ ਅਤੇ ਬਚਿੰਤਾ ਘਰ ਦੀ ਮਾਇਕ ਹਾਲਤ ਨੂੰ ਦੇਖਦੇ ਹੋਏ ਫੌਜ ਵਿੱਚ ਭਰਤੀ ਹੋ ਗਏ। ਮੈਨੂੰ ਘਰ ਵਾਲੇ ਇੰਜੀਨੀਅਰ ਬਨਾਉਣਾ ਚਾਹੁੰਦੇ ਸਨ। ਮੇਰਾ ਆਪਣੇ ਸਕੂਲ ਵਿੱਚ ਅੱਵਲ ਦਰਜਾ ਆਇਆ ਸੀ। ਕਈ ਕਾਲਜਾਂ ਵਲੋਂ ਦਾਖਲੇ ਲਈ ਸਿਫਾਰਸ਼ਾਂ ਆਈਆਂ ਸਨ। ਹਰ ਕੋਈ ਤਰ੍ਹਾਂ ਤਰ੍ਹਾਂ ਦੀਆਂ ਰਿਆਇਤਾਂ ਦੇਣ ਨੂੰ ਤਿਆਰ ਸੀ ਪਰ ਮੈਂ ਜਲੰਧਰ ਵਾਲੇ ਕਾਲਜ ਵਿੱਚ ਦਾਖਲਾ ਲੈਣਾ ਚੰਗਾ ਸਮਝਿਆ।

ਇਕ ਵਾਰ ਬਚਿੰਤ ਸਿੰਘ ਆਪਣੀ ਸਾਲਾਨਾ ਛੁੱਟੀ ਦੌਰਾਨ ਮੈਨੂੰ ਜਲੰਧਰ ਮਿਲਣ ਆਇਆ। ਮੇਰੇ ਜ਼ਰਾ ਮੈਲੇ ਕਪੜਿਆਂ ਨੂੰ ਦੇਖ ਕੇ ਬੋਲਿਆ, "ਤੂੰ ਇਹੋ ਜਿਹੇ ਕਪੜੇ ਕਿਉਂ ਪਹਿਨਦਾ ਏਂ? ਅੱਛਾ, ਇਸ ਐਤਵਾਰ ਨੂੰ ਤੂੰ ਪਿੰਡ ਆਉਣਾ। ਤੇਰੇ ਨਾਲ ਖੂਹ ਤੇ ਬੈਠ ਕੇ ਢੇਰ ਸਾਰੀਆਂ ਗੱਲਾਂ ਕਰਨੀਆਂ ਹਨ।" ਜਿਉਂ ਹੀ ਸਨਿਚਰ ਦੀਆਂ ਕਲਾਸਾਂ ਖਤਮ ਹੋਈਆਂ ਮੈਂ ਬੱਸ ਪਕੜਕੇ ਪਿੰਡ ਨੂੰ ਚਲ ਪਿਆ। ਬਚਿੰਤ ਸਿੰਘ ਪਿੰਡ ਦੇ ਬਸੀਮੇ ਤੇ ਮਿਲਣ ਲਈ ਪਹੁੰਚਿਆ ਹੋਇਆ ਸੀ। ਕਈ ਚਿਰਾਂ ਬਾਅਦ ਮਿਲਕੇ ਅਸਾਂ ਬੜੇ ਖੁਸ਼ ਹੋਏ। ਸਾਰੀ ਸਾਰੀ ਰਾਤ ਗੁਜ਼ਰ ਜਾਂਦੀ ਪਰ ਸਾਡੀਆਂ ਗੱਲਾਂ ਨਾ ਮੁਕਦੀਆਂ। ਜਦੋਂ ਮੈਂ ਵਾਪਸ ਜਲੰਧਰ ਜਾਣ ਲੱਗਾ ਤਾਂ ਬਚਿੰਤ ਸਿੰਘ ਨੇ ਮੇਰਾ ਬੈਗ ਪਕੜ ਲਿਆ ਅਤੇ ਵਿਛੜਨ ਵੇਲੇ ਬੋਲਿਆ, "ਜੀਤ ਮੈਂ ਆਪਣੀ ਟੈਰੀਲੀਨ ਕਮੀਜ਼, ਪੈਂਟ ਅਤੇ ਹੱਥ ਦੀ ਘੜੀ ਪਿਆਰ ਵਜੋਂ ਤੈਨੂੰ ਦੇ ਰਿਹਾ ਹਾਂ। ਤੂੰ ਇਨ੍ਹਾਂ ਨੂੰ ਕਿਤੇ ਵਾਪਸ ਕਰਨ ਦਾ ਨਾ ਸੋਚਣਾ।" ਇੰਜ ਕਹਿ ਕੇ ਉਸ ਨੇ ਮੈਨੂੰ ਘੁਟ ਕੇ ਗਲਵਕੜੀ ਪਾਈ। ਕਾਫੀ ਦੇਰ ਤਕ ਉਹ ਬਸ ਅੱਡੇ ਤੇ ਖੜਾ ਬਸ ਚਲਣ ਤਕ ਇੰਤਜ਼ਾਰ ਕਰਦਾ ਰਿਹਾ।

ਪ੍ਰੀ-ਇੰਜੀਨੀਅਰਿੰਗ ਇਕ ਐਸਾ ਇਮਤਿਹਾਨ ਹੁੰਦਾ ਹੈ ਜਿਸ ਵਿੱਚ

(ਬਾਕੀ ਪੰਨਾ 42 ਤੇ)

ਕੁਮਾਰੀ ਕਿਰਨ ਉਭਰਦੇ ਕਲਾਕਾਰਾਂ ਵਿੱਚ ਆਪਣਾ ਵਖਰਾ ਸਥਾਨ ਰੱਖਦੀ ਹੈ, ਅਤੇ ਉਸਦਾ ਭਵਿਖ ਹੋਰ ਵੀ ਜ਼ਿਆਦਾ ਉਜਲਾ ਵਿਖਾਈ ਦਿੰਦਾ ਹੈ। ਨ੍ਰਿੱਤ ਨਾਟਕ ਕਿਰਨ ਦਾ ਮਨ ਭਾਉਂਦਾ ਵਿਸ਼ਾ ਹੈ। ਉਹ ਹੁਣ ਤੀਕਰ 'ਸ਼ਕੁੰਤਲਾ' 'ਲਹਿਰੋਂ ਕੇ ਰਾਜ ਹੰਸ', 'ਚਿਤਰ ਲੇਖਾ' 'ਸੋਹਣੀ ਮਹੀਵਾਲ' ਆਦਿ ਵਿਚ ਆਪਣੀ ਅਭੀਨੈ ਪ੍ਰਤਿਭਾ ਦੀ ਧੂਮ ਮਚਾ ਚੁਕੀ ਹੈ।

ਕਿਰਨ ਬਾਲਾ ਨੇ ਕੁਝ ਫਿਲਮਾਂ ਵਿੱਚ ਵੀ ਕੰਮ ਕੀਤਾ ਹੈ। ਜਿਸ ਦੇ ਪ੍ਰਮਾਣ ਵਿਚ ਅਭੀਨੇਤਰੀ ਦੇ ਤੌਰ ਤੇ ਉਸ ਦੀਆਂ ਲਘੂ ਫਿਲਮਾਂ 'ਰਾਹੀ ਮੰਜ਼ਿਲ ਔਰ ਰਾਸਤਾ', 'ਉਰਵਸ਼ੀ ਰਾਧਰਵਰ' ਅਤੇ ਵਪਾਰਕ ਫਿਲਮਾਂ "ਪਵਨ ਬਸੰਤੀ", ਤੇ "ਏਕ ਔਰ ਦਾਸਤਾਨ" ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਗੱਲ ਬਾਤ ਦੌਰਾਨ ਕਿਰਨ ਨੇ ਕਿਹਾ ਕਿ ਜਿਥੇ ਸ਼ਾਸ਼ਤਰੀ ਨਾਚ ਮੇਰੇ ਲਈ ਆਤਮਕ ਸ਼ਾਂਤੀ ਦਾ ਇਕ ਸਾਧਨ ਹੈ ਉਥੇ ਫਿਲਮਾਂ 'ਚ ਅਭਿਨੈ ਕਰਨ ਬਾਰੇ ਵੀ ਮੈਨੂੰ ਉਨਾਂ ਹੀ ਆਨੰਦ ਮਿਲਦਾ ਹੈ। ਕਿਉਂ ਜੋ ਅਭਿਨੈ ਵੀ ਨ੍ਰਿੱਤ ਦਾ ਇਕ ਹਿਸਾ ਹੈ, ਅਭਿਨੈ ਦੀ ਉਤਪੱਤੀ ਦਾ ਕੇਂਦਰ ਵੀ ਉਹ ਨ੍ਰਿਤ ਨੂੰ ਹੀ ਮੰਨਦੀ ਹੈ। ਫਿਲਮਾਂ ਵਿਚ ਉਹ ਸਿਰਫ ਅਭਿਨੈ ਹੀ ਕਰੇਗੀ ਅਤੇ ਨ੍ਰਿਤ ਨਹੀਂ ਇਸ ਦਾ ਕਾਰਣ ਦੱਸਦਿਆਂ ਉਹ ਕਹਿੰਦੀ ਹੈ ਕਿ ਪਹਿਲਾ ਸ਼ਾਸ਼ਤਰੀ ਨ੍ਰਿੱਤ ਪ੍ਰਭੂ ਭਗਤੀ ਦਾ ਇਕ ਸਾਧਨ ਸੀ ਮੁਗਲਕਾਲ 'ਚ ਇਸ ਤੇ ਬੁਰਾ ਪ੍ਰਭਾਵ ਪਿਆ ਕਿਉਂ ਜੋ ਰਾਜੇ ਮਹਾਰਾਜਿਆਂ ਨੇ ਆਪਣੇ ਦਰਬਾਰਾਂ 'ਚ ਆਪਣੀ ਖੁਸ਼ੀ ਲਈ ਕ੍ਰਿਤ ਕਰਵਾਏ ਜਿਸ ਵਿਚ ਮਨ ਮਾਨੇ ਨਿਯਮਾਂ ਨੂੰ ਸ਼ਾਮਿਲ ਕਰਕੇ ਕੁਝ ਨ੍ਰਿਤਕਾਂ ਨੇ ਇਸ ਨੂੰ ਬਦਨਾਮ ਕਰ ਦਿਤਾ। ਪ੍ਰੰਤੂ ਹੁਣ ਦੇ ਸਮਾਜ 'ਚ ਨ੍ਰਿਤ ਨੂੰ ਅੱਛਾ ਸਥਾਨ ਦਿਤਾ ਜਾਂਦਾ ਹੈ ਅਜੇ ਲੋਕ ਇਸ ਨੂੰ ਇੱਜ਼ਤ ਦੀ ਨਿਗਾਹ ਨਾਲ ਵੇਖਦੇ ਹਨ। ਇਹੋ ਕਾਰਣ ਹੈ ਕਿ ਅੱਜ ਪੰਜਾਬ ਤੋਂ ਇਲਾਵਾ ਦੇਸ਼ ਦੇ ਅੱਛੇ ਪਰਿਵਾਰਾਂ ਵਿੱਚ ਵੀ ਇਸ ਸਿੱਖਿਆ ਨੂੰ ਮਾਣ ਨਾਲ ਦੇਖਿਆ ਅਤੇ ਸਿੱਖਿਆ ਜਾਂਦਾ ਹੈ। ਪ੍ਰੰਤੂ ਕਿਰਨ ਫਿਲਮ ਵਾਲਿਆਂ ਤੇ ਦੋਸ਼ ਲਾਉਂਦੀ ਹੈ ਕਿ ਉਹ ਨ੍ਰਿਤ ਨੂੰ ਚੰਗੇ ਤਰੀਕੇ ਨਾਲ ਪੇਸ਼ ਨਹੀਂ ਕਰਦੇ। ਜਿਸ ਕਾਰਣ ਵੱਜੋਂ ਉਹ ਫਿਲਮਾਂ 'ਚ ਸਿਰਫ ਅਭਿਨੈ ਹੀ ਕਰਨਾ ਚਾਹੁੰਦੀ ਹੈ ਅਤੇ ਨ੍ਰਿੱਤ ਨਹੀਂ।

ਪੰਜਾਬ ਦੀਆਂ ਉਹ ਸੰਸਥਾਵਾਂ ਜਿਹੜੀਆਂ ਇਹੋ ਜਿਹੇ ਕਲਾਕਾਰਾਂ ਨੂੰ ਮੰਚ ਤੇ ਆਉਣ ਦਾ ਮੌਕਾ ਦਿੰਦੀਆਂ ਹਨ ਖਾਸ ਤੌਰ ਤੇ ਵਧਾਈ ਦੀਆਂ ਪਾਤਰ ਹਨ ਅਤੇ ਇਹ ਸ਼ਲਾਘਾਯੋਗ ਕੋਸ਼ਿਸ਼ ਜੇਕਰ ਜਾਰੀ ਰਹੀ ਤਾਂ ਉਹ ਦਿਨ ਦੂਰ ਨਹੀਂ ਜਦ ਕਿ ਦੁਨੀਆਂ ਵਿਚ ਪੰਜਾਬੀ ਕਲਾਕਾਰਾਂ ਦਾ ਮਾਨ ਅਤੇ ਸਨਮਾਨ ਹੋਰ ਵੀ ਵੱਧ ਜਾਵੇਗਾ। ○

---

(ਪੰਨਾਂ 14 ਦੀ ਬਾਕੀ)

ਸ਼ਾਇਦ ਇੰਜੀਨੀਅਰਿੰਗ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀ ਲਈ ਜ਼ਿੰਦਗੀ ਮੌਤ ਇਕ ਬਰਾਬਰ ਹੋ ਜਾਂਦੀ ਲਗਦੀ ਹੈ। ਕਈ ਲੜਕੇ ਤਾਂ ਪ੍ਰੀਇੰਜੀਨੀਅਰਿੰਗ ਵਿਚੋਂ ਅੱਛੇ ਨੰਬਰ ਲੈਣ ਲਈ ਸਾਲ ਦੇ ਸ਼ੁਰੂ ਤੋਂ ਹੀ ਸਾਰੇ ਮਜ਼ਮੂਨਾਂ ਦੀਆਂ ਟੀਊਸ਼ਨਾਂ ਰੱਖ ਲੈਂਦੇ ਹਨ। ਜੇ ਕਿਤੇ ਇਕ ਦੋ ਪਰਚੇ ਖਰਾਬ ਹੋ ਜਾਣ ਤਾਂ ਇਮਤਿਹਾਨ ਵਿਚੋਂ ਹੀ ਛੱਡ ਦਿੰਦੇ ਹਨ ਤਾਂ ਕਿ ਅਗਲੇ ਸਾਲ ਦੁਬਾਰਾ ਦੇ ਸਕਣ। ਮੈਂ ਵੀ ਇਸ ਵਾਰ ਪ੍ਰੀਇੰਜਨੀਅਰਿੰਗ ਇਮਤਿਹਾਨ ਵਿਚੋਂ ਅੱਛੇ ਨੰਬਰ ਲੈਣ ਲਈ ਕਮਰਕੱਸ ਕੇ ਤਿਆਰੀ ਕਰ ਰਿਹਾ ਸਾਂ।

ਦਿਲਬਾਗ ਸਿੰਘ ਦਾ ਅੱਗੇ ਪੜ੍ਹਨ ਨੂੰ ਤਾਂ ਬੜਾ ਮਨ ਕਰਦਾ ਸੀ ਪਰ ਭੈਣ ਭਰਾ ਜ਼ਿਆਦਾ ਹੋਣ ਕਰਕੇ ਇਹ ਖਾਹਿਸ਼ ਪੂਰੀ ਨਹੀਂ ਕਰ ਸਕਦਾ ਸੀ। ਮੇਰੀ ਨਸੀਅਤ ਅਨੁਸਾਰ ਉਸ ਨੇ ਆਰਟਸ ਡਿਗਰੀ ਹਾਸਲ ਕਰਨ ਲਈ ਪ੍ਰਾਈਵੇਟ ਇਮਤਿਹਾਨ ਦੇਣ ਦਾ ਫੈਸਲਾ ਕੀਤਾ। ਪਹਿਲੇ ਸਾਲ ਉਹ ਪ੍ਰੀ-ਯੂਨੀਵਰਸਿਟੀ ਦੇ ਇਮਤਿਹਾਨ ਲਈ ਪੂਰੀ ਤਿਆਰੀ ਨਹੀਂ ਕਰ ਸਕਿਆ ਸੀ। ਸੋ ਉਸ ਨੇ ਵਿੱਚੇ ਹੀ ਪਰਚੇ ਛੱਡ ਦਿੱਤੇ ਸਨ। ਦੂਸਰੇ ਸਾਲ ਜਦ ਮੈਂ ਪ੍ਰੀ-ਇੰਜਨੀਅਰਿੰਗ ਇਮਤਿਹਾਨ ਲਈ ਬੈਠ ਰਿਹਾ ਸਾਂ ਤਾਂ ਉਹ ਦੁਬਾਰਾ ਸਾਲਾਨਾ ਛੁੱਟੀ ਲੈ ਕੇ ਪ੍ਰੀਯੂਨੀਵਰਸਟੀ ਇਮਤਿਹਾਨ ਦੇਣ ਆਇਆ। ਇਸ ਸਾਲ ਉਸ ਨੇ ਖੂਬ ਤਿਆਰੀ ਕੀਤੀ ਸੀ ਅਤੇ ਪਾਸ ਹੋਣ ਦੀ ਪੂਰੀ ਆਸ ਲਾਈ ਬੈਠਾ ਸੀ।

ਮੇਰਾ ਪਿਤਾ ਨੌਕਰੀ ਖ਼ਤਮ ਕਰਕੇ ਘਰ ਆ ਗਿਆ ਸੀ। ਮੇਰੇ ਇਮਤਿਹਾਨ ਸ਼ੁਰੂ ਹੋਣ ਤੋਂ ਇਕ ਹਫਤਾ ਪਹਿਲਾਂ ਮੈਨੂੰ ਖਬਰ ਮਿਲੀ ਕਿ ਮੇਰੀ ਬੀਬੀ ਦੀ ਹਾਲਤ ਬਹੁਤ ਗੰਭੀਰ ਹੋ ਗਈ ਸੀ। ਹਾਲਤ ਨਾ ਸੁਧਰਦੀ ਦੇਖਕੇ ਘਰ ਵਾਲੇ ਉਸਨੂੰ ਜ਼ਿਲ੍ਹੇ ਦੇ ਸਿਵਲ ਹਸਪਤਾਲ ਲੈ ਗਏ। ਮੇਰਾ ਮਨ ਤਾਂ ਬੜਾ ਕਰਦਾ ਸੀ ਕਿ ਐਸੀ ਹਾਲਤ ਵਿੱਚ ਮੈਂ ਆਪਣੀ ਬੀਬੀ ਕੋਲ ਹੋਵਾਂ ਪਰ ਸਾਹਮਣੇ ਇਮਤਿਹਾਨ ਹੋਣ ਕਰਕੇ ਦੁਚਿੱਤੀ ਵਿੱਚ ਪੈ ਗਿਆ। ਜਦ ਦਿਲਬਾਗ ਸਿੰਘ ਨੂੰ ਮੇਰੀ ਹਾਲਤ ਦਾ ਪਤਾ ਲਗਾ ਤਾਂ ਉਸ ਨੇ ਆਪਣੇ ਪਰਚੇ ਨਾ ਦੇਣ ਦਾ ਫੈਸਲਾ ਕਰ ਲਿਆ ਅਤੇ ਬੀਬੀ ਦੀ ਸੇਵਾ ਵਿਚ ਜੁਟ ਗਿਆ। ਜਿਉਂ ਹੀ ਮੇਰਾ ਇਮਤਿਹਾਨ ਖ਼ਤਮ ਹੋਇਆ ਮੈਂ ਬੀਬੀ ਨੂੰ ਦੇਖਣ ਚਲ ਪਿਆ। ਹੁਣ ਘਰ ਵਾਲੇ ਉਸਨੂੰ ਪਿੰਡ ਲੈ ਆਏ ਸਨ। ਉਸ ਨੂੰ ਖੂਨ ਦਾ ਕੈਂਸਰ ਹੋ ਗਿਆ ਸੀ। ਉਸ ਸ਼ਾਮ ਨੂੰ ਉਹ ਮੈਨੂੰ 10 ਕੁ ਮਿੰਟ ਹੀ ਦੇਖ ਸਕੀ ਅਤੇ ਮੇਰੇ ਦੇਖਦੇ ਦੇਖਦੇ ਉਸਦਾ ਦੇਹਾਂਤ ਹੋ ਗਿਆ। ਦਿਲਬਾਗ ਸਿੰਘ ਸਾਰਾ ਸਾਰਾ ਦਿਨ ਉਸ ਦੇ ਅੱਗੇ ਪਿਛੇ ਘੁੰਮਦਾ ਰਿਹਾ। ਉਸਦੀ ਮੌਤ ਤੋਂ ਬਾਅਦ ਜਦ ਕਦੇ ਉਹ ਮੈਨੂੰ ਦੇਖਦਾ ਤਾਂ ਉਸਦੀਆਂ ਅੱਖਾਂ ਵਿੱਚ ਛਮ ਛਮ ਕਰਕੇ ਅੱਥਰੂ ਵਹਿਣ ਲਗਦੇ।

ਮੈਂ ਬਚਿੰਤ ਸਿੰਘ ਨੂੰ ਬੀਬੀ ਦੇ ਗੁਜ਼ਰ ਜਾਣ ਦੀ ਚਿੱਠੀ ਪਾ ਦਿਤੀ ਅਤੇ ਭੋਗ ਰਸਮ ਦੀ ਮਿਥੀ ਤਰੀਕ ਬਾਰੇ ਲਿਖ ਦਿਤਾ ਪਰ ਮੈਨੂੰ ਉਸਦੇ ਆਉਣ ਦੀ ਕੋਈ ਉਮੀਦ ਨਹੀਂ ਸੀ। ਮੇਰੀ ਚਿੱਠੀ ਮਿਲਦੇ ਸਾਰ ਹੀ ਉਹ ਸਿੱਧਾ ਬੜੇ ਸਾਹਿਬ ਕੋਲੋਂ ਛੁੱਟੀ ਮਨਜ਼ੂਰ ਕਰਵਾਉਣ ਲਈ ਗਿਆ ਅਤੇ ਉਸਨੂੰ ਮੇਰੀ ਚਿੱਠੀ ਪੜ੍ਹ ਕੇ ਸੁਣਾਈ। ਬੜਾ ਸਾਹਿਬ ਛੁੱਟੀ ਦੇਣ ਦੇ ਹੱਕ ਵਿੱਚ ਨਹੀਂ ਸੀ ਕਿਉਂਕਿ ਬਟਾਲੀਅਨ ਦੇ ਕਈ ਬੰਦੇ ਪਹਿਲੇ ਹੀ ਛੁੱਟੀ ਤੇ ਗਏ ਹੋਏ ਸਨ। ਉਹ ਬਗੈਰ ਛੁੱਟੀ ਮਨਜ਼ੂਰ ਕਰਵਾਏ ਅਗਲੀ ਗੱਡੀ ਫੜਨ ਲਈ ਤਿਆਰ ਹੋ ਗਿਆ ਅਤੇ ਛਡਣ ਆਏ ਸਾਥੀ ਨੂੰ ਬੋਲਿਆ, "ਕਲ੍ਹ ਜੇ ਸਾਹਿਬ ਮੇਰੇ ਬਾਰੇ ਪੁੱਛਣ ਤਾਂ ਕਹਿਣਾ ਕਿ ਉਹ ਆਪਣੇ ਪਿੰਡ ਚਲਾ ਗਿਆ। ਜੇ ਨਾਰਾਜ਼ ਹੋਵੇ ਤਾਂ ਭਲੇ ਕਹਿ ਦੇਣਾ ਕਿ ਜੇ ਉਸਦੀ ਆਪਣੀ ਮਾਂ ਮਰ ਜਾਵੇ ਤਾਂ ਕੀ ਉਹ ਅੰਤਿਮ ਭੋਗ ਤੇ ਘਰ ਨਹੀਂ ਜਾਣਗੇ?"

ਘਰ ਦੇ ਸਾਰੇ ਰਿਸ਼ਤੇਦਾਰ ਅਤੇ ਸੱਜਣ ਮਿਤਰ ਬੀਬੀ ਦੇ ਅੰਤਿਮ ਭੋਗ ਸਮੇਂ ਪਹੁੰਚ ਗਏ ਸਨ। ਕੁਝ ਹਾਲੇ ਪਹੁੰਚ ਰਹੇ ਸਨ। 12 ਵਜੇ ਤਕ ਭੋਗ ਸਮਾਪਤ ਕਰਨ ਦਾ ਸਮਾਂ ਨਿਸਚਿਤ ਕੀਤਾ ਹੋਇਆ ਸੀ। $11\frac{1}{2}$ ਵਜੇ ਮੈਂ ਦੂਰੋਂ ਬਚਿੰਤ ਸਿੰਘ ਨੂੰ ਸਾਡੇ ਘਰ ਵਲ ਆਉਂਦੇ ਦੇਖਿਆ। ਪਸੀਨੇ ਨਾਲ ਉਸਦੀ ਫੌਜੀ ਵਰਦੀ ਭਿੱਜੀ ਪਈ ਸੀ ਅਤੇ ਚਿਹਰੇ ਤੇ ਬਹੁਤ ਉਦਾਸੀ ਛਾਈ ਹੋਈ ਸੀ। ਆਉਂਦੇ ਨੇ ਹੀ ਉਸ ਨੇ ਮੈਨੂੰ ਆਪਣੀ ਗਲਵਕੜੀ ਵਿੱਚ ਲੈ ਲਿਆ ਅਤੇ ਉੱਚੀ ਉੱਚੀ ਢਾਹਾਂ ਮਾਰ ਕੇ ਰੋਣ ਲਗ ਪਿਆ। ਉਸਨੂੰ ਰੋਂਦਿਆਂ ਦੇਖ ਕੇ ਇਕੱਠੇ ਹੋਏ ਲੋਕ ਇਕ ਵਾਰ ਫਿਰ ਹੰਝੂ ਵਹਾਣ ਲਗ ਪਏ। ਉਨ੍ਹਾਂ ਦੇ ਅੱਥਰੂ ਦੇਖ ਕੇ ਮੈਂ ਕੁਝ ਪਲਾਂ ਲਈ ਆਪਣੀਆਂ ਪੁਰਾਣੀਆਂ ਯਾਦਾਂ ਵਿੱਚ ਖੋਹ ਗਿਆ ਅਤੇ ਆਪਣੇ ਆਪ ਨੂੰ ਪੁੱਛ ਰਿਹਾ ਸਾਂ ਕਿ ਲੋਕ ਇਹ ਹੰਝੂ ਸਾਡੀ ਗੂੜ੍ਹੀ ਦੋਸਤੀ ਨੂੰ ਦੇਖਕੇ ਵਹਾ ਰਹੇ ਸਨ ਜਾਂ ਫਿਰ ਬਚਿੰਤੇ ਦੇ ਬੀਬੀ ਖਾਤਰ ਪਿਆਰ ਦੇ ਪ੍ਰਤੀਕ ਸਨ। ○